# ਪਰਦੇਦਾਰੀ ਨੋਟਿਸ - ਵੈਬਸਾਈਟ - ਕੋਈ ਕਾਰਵਾਈ ਦੀ ਲੋੜ ਨਹੀਂ ਹੈ

**ਤੁਹਾਡੇ ਖਾਤੇ ਦੇ ਰਿਕਾਰਡ ਰਾਜ ਦੇ ਕਨੂੰਨਾਂ ਤਹਿਤ ਸੰਭਾਲੇ ਜਾਂਦੇ ਹਨ ਜੋ ਤੁਹਾਡੀ ਪਰਦੇਦਾਰੀ ਦੀ ਰੱਖਿਆ ਕਰਦੇ ਹਨ। ਇਨਫਰਮੇਸ਼ਨ ਪ੍ਰੈਕਟਿਸਸ ਐਕਟ (ਸਿਵਲ ਕੋਡ ਸੈਕਸ਼ਨ 1798.17) ਅਨੁਸਾਰ California Department of Tax and Fee Administration (ਕੈਲੀਫੋਰਨੀਆ ਡਿਪਾਰਟਮੈਂਟ ਆਫ ਟੈਕਸ ਐਂਡ ਫੀਸ ਐਡਮਿਨਿਸਟ੍ਰੇਸ਼ਨ) (CDTFA) ਨੂੰ ਤੁਹਾਡੇ ਪਰਦੇਦਾਰੀ ਅਧਿਕਾਰਾਂ ਬਾਰੇ ਹਰ ਸਾਲ ਤੁਹਾਨੂੰ ਸੂਚਿਤ ਕਰਨ ਦੀ ਲੋੜ ਹੁੰਦੀ ਹੈ।**

ਅਸੀਂ ਰਾਜ ਦੇ ਬਹੁਤ ਸਾਰੇ ਟੈਕਸ ਅਤੇ ਫੀਸ ਕਾਨੂੰਨਾਂ ਦਾ ਪ੍ਰਬੰਧਨ ਕਰਦੇ ਹਾਂ। ਜਦੋਂ ਤੁਸੀਂ ਆਪਣੇ ਪਰਮਿਟ, ਸਰਟੀਫਿਕੇਟ, ਲਾਇਸੈਂਸ ਜਾਂ ਨਵੀਨੀਕਰਨ, ਰਾਹਤ ਬੇਨਤੀ, ਭੁਗਤਾਨ ਯੋਜਨਾ, ਰਾਜ਼ੀਨਾਮੇ ਵਿੱਚ ਪੇਸ਼ਕਸ਼, ਨਿਪਟਾਰੇ, ਜਾਂ ਹੋਰ ਬੇਨਤੀਆਂ ਵਾਸਤੇ ਅਰਜ਼ੀ ਦਿੰਦੇ ਹੋ, ਤਾਂ ਅਸੀਂ ਉਹ ਜਾਣਕਾਰੀ ਮੰਗਦੇ ਹਾਂ ਜੋ ਜਾਂ ਤਾਂ ਕਾਨੂੰਨ ਦੁਆਰਾ ਲੋੜੀਂਦੀ ਹੈ, ਜਾਂ ਸਾਡੇ ਰਜਿਸਟ੍ਰੇਸ਼ਨ ਰਿਕਾਰਡਾਂ ਵਾਸਤੇ ਵਰਤੀ ਜਾਂਦੀ ਹੈ। ਅਸੀਂ ਜਾਣਕਾਰੀ ਦੀ ਵਰਤੋਂ ਇਹ ਨਿਰਧਾਰਤ ਕਰਨ ਲਈ ਕਰਾਂਗੇ ਕਿ ਕੀ ਤੁਸੀਂ ਟੈਕਸਾਂ ਅਤੇ ਫੀਸਾਂ ਦੀ ਸਹੀ ਰਕਮ ਦਾ ਭੁਗਤਾਨ ਕਰ ਰਹੇ ਹੋ, ਜਾਂ ਤੁਹਾਡੇ ਵੱਲੋਂ ਬਕਾਇਆ ਕਿਸੇ ਵੀ ਰਕਮ ਨੂੰ ਇਕੱਤਰ ਕਰਨ ਲਈ ਕਰਾਂਗੇ। ਤੁਹਾਨੂੰ ਬੇਨਤੀ ਕੀਤੀ ਸਾਰੀ ਜਾਣਕਾਰੀ ਪ੍ਰਦਾਨ ਕਰਨੀ ਚਾਹੀਦੀ ਹੈ, ਜਿਸ ਵਿੱਚ ਤੁਹਾਡਾ ਸਮਾਜਿਕ ਸੁਰੱਖਿਆ ਨੰਬਰ ਵੀ ਸ਼ਾਮਲ ਹੈ (ਜੋ ਪਛਾਣ ਦੇ ਉਦੇਸ਼ਾਂ ਲਈ ਵਰਤਿਆ ਜਾਂਦਾ ਹੈ [ਦੇਖੋ ਸਿਰਲੇਖ 42 ਯੂ.ਐੱਸ. ਕੋਡ ਸੈਕਸ਼ਨ 405(c)(2)(C)(i)]) ਕੈਲੀਫੋਰਨੀਆ ਰੈਵੇਨਿਊ ਐਂਡ ਟੈਕਸੇਸ਼ਨ ਕੋਡ ਸੈਕਸ਼ਨ ਅਤੇ ਹੋਰ ਲਾਗੂ ਹੋਣ ਵਾਲੇ ਕੋਡ ਸੈਕਸ਼ਨ ਦੀ ਇੱਕ ਪੂਰੀ ਸੂਚੀ ਜੋ ਸਾਨੂੰ ਸਾਡੇ ਪ੍ਰੋਗਰਾਮਾਂ ਦੇ ਸੰਚਾਲਨ ਲਈ, ਤੁਹਾਡੀ ਜਾਣਕਾਰੀ ਨੂੰ ਬਣਾਈ ਰੱਖਣ ਲਈ ਅਧਿਕਾਰਤ ਕਰਦੀ ਹੈ, ਇਸ ਫਾਰਮ ਦੇ ਪਿਛਲੇ ਪਾਸੇ ਪ੍ਰਿੰਟ ਕੀਤੀ ਗਈ ਹੈ।

ਆਪਣੇ ਆਪ ਨੂੰ ਇੱਕ ਸਮਾਰਟ ਔਨਲਾਈਨ ਖਪਤਕਾਰ ਵਜੋਂ ਸਿੱਖਿਅਤ ਕਰਨ ਲਈ, ਕਿਰਪਾ ਕਰਕੇ ਇੱਥੇ ਪੜ੍ਹੋ: ਸਾਵਧਾਨੀ: ਕੀ ਤੁਹਾਡਾ ਕੰਪਿਊਟਰ ਸੁਰੱਖਿਅਤ ਹੈ?

**ਜੇ ਮੈਂ ਜਾਣਕਾਰੀ ਪ੍ਰਦਾਨ ਨਹੀਂ ਕਰਦਾ ਤਾਂ ਕੀ ਹੋਵੇਗਾ?**

ਜੇ ਤੁਹਾਡੀ ਜਾਣਕਾਰੀ ਅਧੂਰੀ ਹੈ ਤਾਂ ਅਸੀਂ ਪਰਮਿਟ, ਸਰਟੀਫਿਕੇਟ, ਲਾਇਸੈਂਸ, ਰਾਹਤ ਬੇਨਤੀ, ਭੁਗਤਾਨ ਯੋਜਨਾ, ਜਾਂ ਹੋਰ ਪ੍ਰੋਗਰਾਮਾਂ ਵਾਸਤੇ ਤੁਹਾਡੀ ਅਰਜ਼ੀ 'ਤੇ ਕਾਰਵਾਈ ਨਹੀਂ ਕਰ ਸਕਦੇ। ਜੇ ਤੁਸੀਂ ਆਪਣੀ ਲੋੜੀਂਦੀ ਰਿਟਰਨ ਭਰਨ ਦੇ ਯੋਗ ਨਹੀਂ ਹੋ, ਤਾਂ ਤੁਹਾਨੂੰ ਜੁਰਮਾਨਾ ਅਤੇ ਵਿਆਜ ਦਾ ਭੁਗਤਾਨ ਕਰਨਾ ਪੈ ਸਕਦਾ ਹੈ। ਜੇ ਤੁਸੀਂ ਆਪਣੀਆਂ ਛੋਟਾਂ, ਕ੍ਰੈਡਿਟਾਂ, ਬੇਦਖਲੀਆਂ, ਜਾਂ ਤਬਦੀਲੀਆਂ ਦਾ ਸਮਰਥਨ ਕਰਨ ਲਈ ਬੇਨਤੀ ਕੀਤੀ ਜਾਣਕਾਰੀ ਪ੍ਰਦਾਨ ਨਹੀਂ ਕਰਦੇ ਹੋ, ਤਾਂ ਤੁਹਾਨੂੰ ਵਧੇਰੇ ਟੈਕਸ ਜਾਂ ਫੀਸਾਂ ਦੇਣੀਆਂ ਪੈ ਸਕਦੀਆਂ ਹਨ, ਜਾਂ ਤੁਸੀਂ ਇੱਕ ਛੋਟਾ ਰਿਫੰਡ ਪ੍ਰਾਪਤ ਕਰ ਸਕਦੇ ਹੋ।

ਜੇ ਤੁਸੀਂ ਧੋਖਾਧੜੀ ਵਾਲੀ ਜਾਣਕਾਰੀ ਪ੍ਰਦਾਨ ਕਰਦੇ ਹੋ, ਤਾਂ ਤੁਹਾਨੂੰ ਸਿਵਲ ਜੁਰਮਾਨਾ ਲਗਾਇਆ ਜਾ ਸਕਦਾ ਹੈ, ਅਤੇ ਤੁਹਾਡੇ 'ਤੇ ਅਪਰਾਧਿਕ ਮੁਕੱਦਮੇ ਦੇ ਤਹਿਤ ਕਾਰਵਾਈ ਹੋ ਸਕਦੀ ਹੈ।

**ਕੀ ਕੋਈ ਹੋਰ ਵਿਅਕਤੀ ਮੇਰੀ ਜਾਣਕਾਰੀ ਦੇਖ ਸਕਦਾ ਹੈ?**

ਹਾਂ। ਹਾਲਾਂਕਿ ਤੁਹਾਡੇ ਰਿਕਾਰਡ ਰਾਜ ਦੇ ਕਨੂੰਨਾਂ ਤਹਿਤ ਸੰਭਾਲੇ ਜਾਂਦੇ ਹਨ ਜੋ ਤੁਹਾਡੀ ਪਰਦੇਦਾਰੀ ਦੀ ਰੱਖਿਆ ਕਰਦੇ ਹਨ, ਅਸੀਂ ਤੁਹਾਡੇ ਖਾਤੇ ਬਾਰੇ ਜਾਣਕਾਰੀ ਨੂੰ ਵਿਸ਼ੇਸ਼ ਸਥਾਨਕ, ਰਾਜ ਅਤੇ ਸੰਘੀ ਸਰਕਾਰੀ ਏਜੰਸੀਆਂ, ਜਾਂ ਉਹਨਾਂ ਸਰਕਾਰੀ ਏਜੰਸੀਆਂ ਦੀ ਨੁਮਾਇੰਦਗੀ ਕਰਨ ਲਈ ਇਕਰਾਰਨਾਮੇ ਵਾਲੀਆਂ ਅਤੇ ਅਧਿਕਾਰਤ ਕੰਪਨੀਆਂ ਨਾਲ ਸਾਂਝਾ ਕਰ ਸਕਦੇ ਹਾਂ।

ਜੇ ਕਨੂੰਨ ਦੁਆਰਾ ਅਧਿਕਾਰਤ ਕੀਤਾ ਜਾਂਦਾ ਹੈ, ਤਾਂ ਅਸੀਂ ਤੁਹਾਡੇ ਪਰਮਿਟ, ਸਰਟੀਫਿਕੇਟ, ਜਾਂ ਲਾਇਸੈਂਸ 'ਤੇ ਛਪੀ ਜਾਣਕਾਰੀ ਨੂੰ ਜਨਤਕ ਤੌਰ 'ਤੇ ਜਾਰੀ ਕਰ ਸਕਦੇ ਹਾਂ, ਜਿਵੇਂ ਕਿ ਤੁਹਾਡੇ ਖਾਤੇ ਦੀ ਕਿਸਮ, ਸ਼ੁਰੂ ਅਤੇ ਬੰਦ ਕਰਨ ਦੀਆਂ ਤਾਰੀਖਾਂ, ਅਤੇ ਕਾਰੋਬਾਰੀ ਮਾਲਕਾਂ ਜਾਂ ਭਾਈਵਾਲਾਂ ਦੇ ਨਾਮ। ਜਦੋਂ ਤੁਸੀਂ ਕੋਈ ਕਾਰੋਬਾਰ ਵੇਚਦੇ ਹੋ, ਤਾਂ ਅਸੀਂ ਖਰੀਦਦਾਰ ਜਾਂ ਹੋਰ ਸ਼ਾਮਲ ਧਿਰਾਂ ਨੂੰ ਤੁਹਾਡੀਆਂ ਕਿਸੇ ਵੀ ਬਕਾਇਆ ਟੈਕਸ ਦੇਣਦਾਰੀਆਂ ਬਾਰੇ ਜਾਣਕਾਰੀ ਦੇ ਸਕਦੇ ਹਾਂ।

ਤੁਹਾਡੀ ਇਜਾਜ਼ਤ ਨਾਲ, ਅਸੀਂ ਤੁਹਾਡੀ ਕੁਝ ਜਾਂ ਸਾਰੀ ਖਾਤਾ ਜਾਣਕਾਰੀ ਤੁਹਾਡੇ ਅਧਿਕਾਰਤ ਪ੍ਰਤੀਨਿਧੀ ਨੂੰ ਜਾਰੀ ਕਰ ਸਕਦੇ ਹਾਂ।

**ਅਸੀਂ ਹੇਠ ਦਿੱਤੀਆਂ ਏਜੰਸੀਆਂ ਦੇ ਅਧਿਕਾਰਤ ਕਰਮਚਾਰੀਆਂ ਨੂੰ ਜਾਣਕਾਰੀ ਦਾ ਖੁਲਾਸਾ ਕਰ ਸਕਦੇ ਹਾਂ, ਹੋਰਨਾਂ ਦੇ ਨਾਲ:**

ਸੰਯੁਕਤ ਰਾਜ ਸਰਕਾਰ ਦੀਆਂ ਏਜੰਸੀਆਂ, ਕੈਲੀਫੋਰਨੀਆ ਰਾਜ ਦੀਆਂ ਸਰਕਾਰੀ ਏਜੰਸੀਆਂ ਅਤੇ ਅਧਿਕਾਰੀ, ਟੈਕਸ ਲਾਗੂ ਕਰਨ ਦੇ ਉਦੇਸ਼ਾਂ ਲਈ ਕੈਲੀਫੋਰਨੀਆ ਤੋਂ ਬਾਹਰ ਰਾਜ ਏਜੰਸੀਆਂ, ਕੈਲੀਫੋਰਨੀਆ ਰਾਜ ਦੇ ਸ਼ਹਿਰ, ਕਾਊਂਟੀਆਂ ਅਤੇ ਜ਼ਿਲ੍ਹੇ, ਕੈਲੀਫੋਰਨੀਆ ਰਾਜ ਸ਼ਹਿਰ ਅਤੇ ਕਾਊਂਟੀ ਅਟਾਰਨੀ, ਵਕੀਲ ਅਤੇ ਕਾਨੂੰਨ ਲਾਗੂ ਕਰਨ ਵਾਲੇ ਵਿਭਾਗ, ਅਤੇ ਸਥਾਨਕ ਤੰਬਾਕੂ ਕੰਟਰੋਲ ਆਰਡੀਨੈਂਸ ਲਾਗੂ ਕਰਨ ਲਈ ਅਧਿਕਾਰਤ ਏਜੰਸੀਆਂ।

**ਮੇਰੇ ਰਿਕਾਰਡਾਂ ਨੂੰ ਸੰਭਾਲਣ ਲਈ ਕੌਣ ਜ਼ਿੰਮੇਵਾਰ ਹੈ?**

ਹੇਠਾਂ ਸੂਚੀਬੱਧ ਅਧਿਕਾਰੀ ਤੁਹਾਡੇ ਰਿਕਾਰਡਾਂ ਦੀ ਸਾਂਭ-ਸੰਭਾਲ ਲਈ ਜ਼ਿੰਮੇਵਾਰ ਹਨ। ਜੇ ਵਿਭਾਗ ਦੀ ਪਰਦੇਦਾਰੀ ਨੀਤੀ ਜਾਂ ਇਸ ਪਰਦੇਦਾਰੀ ਨੋਟਿਸ ਬਾਰੇ ਤੁਹਾਡੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ CDTFA ਪਰਦੇਦਾਰੀ ਅਧਿਕਾਰੀ ਨਾਲ 1-916-309-1862 'ਤੇ ਸੰਪਰਕ ਕਰੋ। ਤੁਹਾਡੇ ਰਿਕਾਰਡਾਂ ਬਾਰੇ ਸਵਾਲਾਂ ਨੂੰ ਸਾਡੇ ਗਾਹਕ ਸੇਵਾ ਕੇਂਦਰ ਨੂੰ 1-800-400-7115 (TTY:711), ਸੋਮਵਾਰ ਤੋਂ ਸ਼ੁੱਕਰਵਾਰ ਤੱਕ ਸਵੇਰੇ 7:30 ਵਜੇ ਤੋਂ ਸ਼ਾਮ 5:00 ਵਜੇ (ਪੈਸੀਫਿਕ ਸਮੇਂ) ਤੱਕ ਭੇਜਿਆ ਜਾ ਸਕਦਾ ਹੈ, ਰਾਜ ਦੀਆਂ ਛੁੱਟੀਆਂ ਨੂੰ ਛੱਡ ਕੇ। ਤੁਸੀਂ ਹੇਠਾਂ ਸੂਚੀਬੱਧ ਅਧਿਕਾਰੀਆਂ ਨਾਲ ਵੀ ਸੰਪਰਕ ਕਰ ਸਕਦੇ ਹੋ।

**Field Operations Division, MIC:47**
Deputy Director
California Department of Tax and Fee Administration
PO Box 942879
Sacramento, CA 94279-0047
1-916-309-8209

**Business Tax and Fee Division, MIC:43**
Deputy Director
California Department of Tax and Fee Administration
PO Box 942879
Sacramento, CA 94279-0043
1-916-309-5200

**ਕੀ ਮੈਂ ਆਪਣੇ ਰਿਕਾਰਡਾਂ ਦੀ ਸਮੀਖਿਆ ਕਰ ਸਕਦਾ ਹਾਂ?**

ਹਾਂ। ਤੁਹਾਨੂੰ ਆਪਣੀਆਂ ਲਿਖਤੀ ਬੇਨਤੀਆਂ ਆਪਣੇ ਨਜ਼ਦੀਕੀ CDTFA ਦਫਤਰ ਵਿੱਚ ਜਮ੍ਹਾਂ ਕਰਵਾਉਣੀਆਂ ਚਾਹੀਦੀਆਂ ਹਨ। ਸਾਡੇ ਟਿਕਾਣਿਆਂਦੀ ਪੂਰੀ ਸੂਚੀ ਜਾਂ ਪ੍ਰਕਾਸ਼ਨ 58A ਦੀ ਇੱਕ ਕਾਪੀ ਵਾਸਤੇ, *ਆਪਣੇ ਰਿਕਾਰਡਾਂ ਦੀ ਜਾਂਚ ਕਿਵੇਂ ਕਰਨੀ ਹੈ*ਅਤੇ ਇਨ੍ਹਾਂ ਵਿੱਚ ਸੁਧਾਰ ਕਿਵੇਂ ਕਰਨਾ ਹੈ, ਸਾਡੇ ਨਾਲ ਇੱਥੇ ਸੰਪਰਕ ਕਰੋ *www.cdtfa.ca.gov*, ਜਾਂ ਸਾਡੇ ਗਾਹਕ ਸੇਵਾ ਕੇਂਦਰ ਨੂੰ 1-800-400-7115 (TTY:711) 'ਤੇ ਕਾਲ ਕਰੋ। ਤੁਹਾਡੇ ਰਿਕਾਰਡਾਂ ਵਾਸਤੇ ਬੇਨਤੀਆਂ ਨੂੰ ਖੁਲਾਸਾ ਦਫਤਰ, MIC:82, ਕੈਲੀਫੋਰਨੀਆ ਡਿਪਾਰਟਮੈਂਟ ਆਫ ਟੈਕਸ ਐਂਡ ਫੀਸ ਐਡਮਿਨਿਸਟ੍ਰੇਸ਼ਨ, ਪੀ.ਓ. ਬਾਕਸ 942879, ਸੈਕਰਾਮੈਂਟੋ, ਸੀ ਏ 94279-0082 ਨੂੰ ਵੀ ਭੇਜਿਆ ਜਾ ਸਕਦਾ ਹੈ।

**ਹੇਠਾਂ ਸੂਚੀਬੱਧ ਰਾਜ ਦੇ ਕਾਨੂੰਨਾਂ ਦਾ ਪ੍ਰਬੰਧਨ ਕਰਨ ਲਈ ਸਾਨੂੰ ਲਾਜ਼ਮੀ ਤੌਰ 'ਤੇ ਜਾਣਕਾਰੀ ਇਕੱਤਰ ਕਰਨੀ ਚਾਹੀਦੀ ਹੈ।** ਕੋਡ ਸੈਕਸ਼ਨ, ਕੈਲੀਫੋਰਨੀਆ ਰੈਵੇਨਿਊ ਐਂਡ ਟੈਕਸੇਸ਼ਨ ਕੋਡ ਤੋਂ ਹਨ, ਜਦੋਂ ਤੱਕ ਕਿ ਹੋਰ ਨੋਟ ਨਾ ਦਿੱਤਾ ਗਿਆ ਹੋਵੇ।

**ਵਿਕਰੀਆਂ ਅਤੇ ਵਰਤੋਂ ਟੈਕਸ**

- ਵਿਕਰੀ ਅਤੇ ਵਰਤੋਂ ਟੈਕਸ (ਸੈਕਸ਼ਨ 6001-7176, 7200-7226, 7251-7279.6, 7285-7288.6)
- ਲੱਕੜ ਉਤਪਾਦਾਂ ਦੀ ਮੁਲਾਂਕਣ ਫੀਸ (ਸੈਕਸ਼ਨ 55001-55381, ਪਬਲਿਕ ਰਿਸੋਰਸਸ ਕੋਡ ਸੈਕਸ਼ਨ 4629-4629.13)
- ਪ੍ਰੀਪੇਡ ਮੋਬਾਈਲ ਟੈਲੀਫੋਨੀ ਸਰਵਿਸਿਸ ਸਰਚਾਰਜ (ਸੈਕਸ਼ਨ 55001-55381, 42100-42111)

**ਵਿਸ਼ੇਸ਼ ਟੈਕਸ ਅਤੇ ਫੀਸ**

- ਅਲਕੋਹਲ ਵਾਲੇ ਪੀਣ ਵਾਲੇ ਪਦਾਰਥਾਂ 'ਤੇ ਟੈਕਸ (ਸੈਕਸ਼ਨ 32001-32557)
- ਕੈਲੀਫੋਰਨੀਆ ਇਲੈਕਟ੍ਰਾਨਿਕ ਸਿਗਰਟ ਐਕਸਾਈਜ਼ ਟੈਕਸ (ਕੈਲੀਫੋਰਨੀਆ ਸਿਹਤਮੰਦ ਨਤੀਜੇ ਅਤੇ ਰੋਕਥਾਮ ਸਿੱਖਿਆ ਐਕਟ ਦੀਆਂ ਸੈਕਸ਼ਨ 31000-31008)
- ਕੈਲੀਫੋਰਨੀਆ ਟਾਇਰ ਫੀਸ (ਸੈਕਸ਼ਨ 55001-55381, ਪਬਲਿਕ ਰਿਸੋਰਸਸ ਕੋਡ ਸੈਕਸ਼ਨ 42860-42895)
- ਕੈਨਾਬਿਸ ਰਿਟੇਲਰ ਐਕਸਾਈਜ਼ ਟੈਕਸ (ਸੈਕਸ਼ਨ 34010-34021.5, 55001-55381)
- ਚਾਈਲਡਹੁੱਡ ਲੀਡ ਪੁਆਜਨਿੰਗ ਪ੍ਰੀਵੈਨਸ਼ਨ ਫੀਸ (ਸੈਕਸ਼ਨ 43001-43651, ਸਿਹਤ ਅਤੇ ਸੁਰੱਖਿਆ ਕੋਡ ਸੈਕਸ਼ਨ 105310)
- ਸਿਗਰਟ ਅਤੇ ਤੰਬਾਕੂ ਉਤਪਾਦ ਟੈਕਸ (ਸੈਕਸ਼ਨ 30001-30483, ਸਿਹਤ ਅਤੇ ਸੁਰੱਖਿਆ ਕੋਡ ਸੈਕਸਨ 104555-104558)
- ਸਿਗਰਟ ਅਤੇ ਤੰਬਾਕੂ ਉਤਪਾਦ ਲਾਇਸੈਂਸਿੰਗ ਐਕਟ 2003 (ਸੈਕਸ਼ਨ 55001-55381, ਬਿਜ਼ਨਸ ਐਂਡ ਪ੍ਰੋਫੈਸ਼ਨਲ ਕੋਡ ਸੈਕਸ਼ਨ 22970-22991, ਗੌਰਮੈਂਟ ਕੋਡ ਸੈਕਸ਼ਨ 15570.66, ਪੈਨਲ ਕੋਡ ਸੈਕਸ਼ਨ 830.11)
- ਕਵਰ ਕੀਤੀ ਗਈ ਇਲੈਕਟ੍ਰਾਨਿਕ ਰਹਿੰਦ-ਖੂੰਹਦ ਰੀਸਾਈਕਲਿੰਗ ਫੀਸ (ਸੈਕਸ਼ਨ 55001-55381, ਸਿਹਤ ਅਤੇ ਸੁਰੱਖਿਆ ਕੋਡ ਸੈਕਸ਼ਨ 25214.9-25214.10.2, ਪਬਲਿਕ ਰਿਸੋਰਸਸ ਕੋਡ ਸੈਕਸ਼ਨ 42460-42486)
- ਡੀਜ਼ਲ ਫਿਊਲ ਟੈਕਸ (ਸੈਕਸ਼ਨ 60001-60709)
- ਐਮਰਜੈਂਸੀ ਟੈਲੀਫੋਨ ਯੂਜ਼ਰ ਸਰਚਾਰਜ (ਸੈਕਸ਼ਨ 41001-41176)
- ਐਨਰਜੀ ਰਿਸੋਰਸਸ ਸਰਚਾਰਜ (ਸੈਕਸ਼ਨ 40001-40216)
- ਫਾਇਰਆਰਮ, ਐਮੂਨਿਸ਼ਨ, ਅਤੇ ਫਾਇਰਆਰਮ ਪ੍ਰੀਕਰਸਰ ਪਾਰਟ ਐਕਸਾਈਜ਼ ਟੈਕਸ (ਸੈਕਸ਼ਨ 36001-36043, 55001-55381, ਪੈਨਲ ਕੋਡ ਸੈਕਸ਼ਨ 26700, 26705, 30395, 34400)
- ਖਤਰਨਾਕ ਪਦਾਰਥ ਟੈਕਸ (ਸੈਕਸ਼ਨ 43001-43651, ਸਿਹਤ ਅਤੇ ਸੁਰੱਖਿਆ ਕੋਡ ਸੈਕਸ਼ਨ 25174-25174.11, 25205.1-25205.23)
- ਏਕੀਕ੍ਰਿਤ ਰਹਿੰਦ-ਖੂੰਹਦ ਪ੍ਰਬੰਧਨ ਫੀਸ (ਸੈਕਸ਼ਨ 45001-45984, ਪਬਲਿਕ ਰਿਸੋਰਸਸ ਕੋਡ ਸੈਕਸ਼ਨ 48000-48008)
- ਅੰਤਰਰਾਸ਼ਟਰੀ ਤੇਲ ਟੈਕਸ ਇਕਰਾਰਨਾਮਾ (ਸੈਕਸ਼ਨ 9405- 9433)
- ਲੀਡ-ਐਸਿਡ ਬੈਟਰੀ ਰੀਸਾਈਕਲਿੰਗ ਫੀਸ (ਸੈਕਸ਼ਨ 55001-55381, ਸਿਹਤ ਅਤੇ ਸੁਰੱਖਿਆ ਕੋਡ ਸੈਕਸ਼ਨ 25215-25215.75)
- ਲਿਥੀਅਮ ਐਕਸਟਰੈਕਸ਼ਨ ਐਕਸਾਈਜ਼ ਟੈਕਸ (ਸੈਕਸ਼ਨ 55001-55381, 47000-47100)
- ਸਮੁੰਦਰੀ ਹਮਲਾਵਰ ਪ੍ਰਜਾਤੀਆਂ (ਬਲਾਸਟ ਵਾਟਰ) ਫੀਸ (ਸੈਕਸ਼ਨ 44000-44007, 55001-55381, ਪਬਲਿਕ ਰਿਸੋਰਸਸ ਕੋਡ ਸੈਕਸ਼ਨ 71200-71271)
- ਮੋਟਰ ਵਹੀਕਲ ਫਿਊਲ ਟੈਕਸ, ਜਿਸ ਵਿੱਚ ਏਅਰਕ੍ਰਾਫਟ ਜੈੱਟ ਫਿਊਲ ਟੈਕਸ ਵੀ ਸ਼ਾਮਲ ਹੈ (ਸੈਕਸ਼ਨ 7301-8526)
- ਕੁਦਰਤੀ ਗੈਸ ਸਰਚਾਰਜ (ਸੈਕਸ਼ਨ 55001-55381, ਪਬਲਿਕ ਯੂਟੀਲਿਟੀਜ਼ ਕੋਡ ਸੈਕਸ਼ਨ 890-900)
- ਔਕੂਪੇਸ਼ਨਲ ਲੀਡ ਪੁਆਜਨਿੰਗ ਪ੍ਰੀਵੈਨਸ਼ਨ ਫੀਸ (ਸੈਕਸ਼ਨ 43001-43651, ਸਿਹਤ ਅਤੇ ਸੁਰੱਖਿਆ ਕੋਡ ਸੈਕਸ਼ਨ 105190,105195)
- ਆਇਲ ਸਪਿੱਲ ਰਿਸਪੌਂਸ, ਪ੍ਰੀਵੈਨਸ਼ਨ, ਅਤੇ ਪ੍ਰਬੰਧਨ ਫੀਸ (ਸੈਕਸ਼ਨ 46001-46751, ਗੌਰਮੈਂਟ ਕੋਡ ਸੈਕਸ਼ਨ 8670.40, 8670.48)
- ਖੇਤਰੀ ਰੇਲ ਮਾਰਗ ਦੁਰਘਟਨਾ ਤਿਆਰੀ ਅਤੇ ਤੁਰੰਤ ਪ੍ਰਤੀਕਿਰਿਆ ਫੀਸ (ਸੈਕਸ਼ਨ 55001-55381, ਗੌਰਮੈਂਟ ਕੋਡ ਸੈਕਸ਼ਨ 8574.30-8574.48)
- ਬੀਮਾਕਰਤਾ 'ਤੇ ਟੈਕਸ (ਸੈਕਸ਼ਨ 12001-13170)
- ਲੱਕੜ ਉਪਜ ਟੈਕਸ (ਸੈਕਸ਼ਨ 38101-38908)
- ਭੂਮੀਗਤ ਸਟੋਰੇਜ ਟੈਂਕ ਦੀ ਰੱਖ-ਰਖਾਅ ਫੀਸ (ਸੈਕਸ਼ਨ 50101-50162, ਸਿਹਤ ਅਤੇ ਸੁਰੱਖਿਆ ਕੋਡ ਸੈਕਸ਼ਨ 25299.10-25299.51)
- ਯੂਜ਼ ਫਿਊਲ ਟੈਕਲ (ਸੈਕਸ਼ਨ 8601-9355)
- ਵਾਟਰ ਰਾਈਟਸ ਫੀਸ (ਸੈਕਸ਼ਨ 55001-55381, ਵਾਟਰ ਕੋਡ ਸੈਕਸ਼ਨ 1525-1552)